ਨਿਊਜ਼ ਰਿਲੀਜ਼

# ਕੈਲਗਰੀ 'ਚ ਪੜ੍ਹਾਈ ਸਕੂਲਾਂ 'ਚੋਂ ਬਦਲ ਕੇ ਘਰਾਂ 'ਚ ਗਈ

14 ਅਪਰੈਲ 2021

---

ਐਲਬਰਟਾ ਐਜੂਕੇਸ਼ਨ ਮਹਿਕਮੇ ਨੇ ਕੈਲਗਰੀ ਵਿਚਲੇ ਪਬਲਿਕ ਅਤੇ ਕੈਥੋਲਿਕ ਸਕੂਲਾਂ ਵੱਲੋਂ ਗਰੇਡ 7 ਤੋਂ 12 ਤੱਕ ਦੀ ਪੜ੍ਹਾਈ ਨੂੰ ਅਸਥਾਈ ਤੌਰ 'ਤੇ ਸਕੂਲਾਂ ਤੋਂ ਘਰਾਂ 'ਚ ਬਦਲ ਦੇਣ ਦੀਆਂ ਬੇਨਤੀਆਂ ਨੂੰ ਮਨਜ਼ੂਰ ਕਰ ਲਿਆ ਹੈ।

ਕੈਲਗਰੀ ਬੋਰਡ ਆਫ ਐਜੂਕੇਸ਼ਨ ਅਤੇ ਕੈਲਗਰੀ ਕੈਥੋਲਿਕ ਸਕੂਲ ਡਿਸਟ੍ਰਿਕਟ ਦੇ ਗਰੇਡ 7 ਤੋਂ 12 ਦੇ ਵਿਦਿਆਰਥੀਆਂ ਦੀ ਪੜ੍ਹਾਈ 19 ਅਪਰੈਲ ਤੋਂ ਸ਼ੁਰੂ ਹੋ ਕੇ ਦੋ ਹਫਤਿਆਂ ਲਈ ਘਰੀਂ ਰਹਿ ਕੇ ਪੜ੍ਹਨ 'ਚ ਬਦਲ ਜਾਵੇਗੀ।

ਕਿਸੇ ਸਕੂਲ ਬੋਰਡ ਵੱਲੋਂ ਆਪਰੇਸ਼ਨਲ ਲਿਹਾਜ਼ ਤੋਂ ਪੜ੍ਹਾਈ ਨੂੰ ਘਰਾਂ 'ਚ ਤਬਦੀਲ ਕਰਨ ਦੀ ਬੇਨਤੀ ਨੂੰ ਮਨਜ਼ੂਰ ਕਰਨ ਦੇ ਫੈਸਲੇ ਦੇ ਚਾਰ ਆਧਾਰ ਮਾਪਦੰਡ ਹਨ:

- ਸਬਸਟੀਚਿਊਟ ਟੀਚਰਾਂ ਦੀ ਗੰਭੀਰ ਥੁੜ।
- ਵਿਦਿਆਰਥੀਆਂ ਅਤੇ ਸਟਾਫ ਦੀ ਵੱਡੀ ਗਿਣਤੀ ਦਾ ਕੁਆਰਨਟੀਨ ਜਾਂ ਇਕਾਂਤਵਾਸ 'ਚ ਹੋਣਾ।
- ਬੋਰਡ ਵੱਲੋਂ ਉਨ੍ਹਾਂ ਦੇ ਕਈ ਸਕੂਲਾਂ ਲਈ ਅਸਥਾਈ ਤਬਦੀਲੀ ਵਾਸਤੇ ਤਾਜ਼ਾ ਬੇਨਤੀਆਂ।
- ਕਮਿਊਨਿਟੀ 'ਚ ਕੋਵਿਡ-19 ਦੇ ਕਾਫੀ ਮਾਮਲਿਆਂ ਦਾ ਹੋਣਾ।

"ਜਦੋਂ ਕਿ ਹਰ ਇਕ ਦੀ ਤਰਜੀਹ ਸਕੂਲ 'ਚ ਪੜ੍ਹਨ ਦੀ ਹੈ, ਕੁਝ ਸਕੂਲ ਬੋਰਡ ਕਮਿਊਨਿਟੀ 'ਚ ਵਧ ਰਹੇ ਕੋਵਿਡ-19 ਦੇ ਮਾਮਲਿਆਂ ਕਾਰਨ ਆਪਰੇਸ਼ਨਲ ਦਬਾਵਾਂ ਨਾਲ ਜੂਝ ਰਹੇ ਹਨ। ਵਿਦਿਆਰਥੀਆਂ ਅਤੇ ਸਟਾਫ ਦੀ ਸੁਰੱਖਿਆ ਮੇਰੀ ਸਭ ਤੋਂ ਉੱਪਰ ਦੀ ਤਰਜ਼ੀਹ ਹੈ, ਜਿਸ ਕਰਕੇ ਮੈਂ ਬੋਰਡਾਂ ਦੀਆਂ ਬੇਨਤੀਆਂ ਵੱਲ ਧਿਆਨ ਦੇ ਰਹੀ ਅਤੇ ਉਨ੍ਹਾਂ ਦੀ ਖੁਦਮੁਖਤਾਰੀ ਦਾ ਸਤਿਕਾਰ ਕਰ ਰਹੀ ਹਾਂ। ਇਕ ਸਪੱਸ਼ਟ ਢੰਗ ਤਰੀਕੇ ਦੇ ਮੌਜੂਦ ਹੁੰਦਿਆਂ ਹੋਇਆਂ, ਅਸੀਂ ਉਨ੍ਹਾਂ ਨੂੰ, ਜਦੋਂ ਜ਼ਰੂਰੀ ਹੋਵੇ ਘਰ 'ਚ ਪੜ੍ਹਾਈ ਕਰਵਾਉਣ 'ਚ ਤਬਦੀਲ ਹੋਣ ਦੀ ਖੁੱਲ੍ਹ ਦੇ ਰਹੇ ਹਾਂ।"

*Adriana LaGrange, ਮਿਨਿਸਟਰ ਆਫ ਐਜੂਕੇਸ਼ਨ*

ਸਕੂਲ ਬੋਰਡ ਆਪਰੇਸ਼ਨਲ ਕਾਰਨਾਂ ਕਰਕੇ ਕਿਸੇ ਪੂਰੇ ਸਕੂਲ ਨੂੰ ਘਰ 'ਚ ਪੜ੍ਹਾਈ ਕਰਵਾਉਣ 'ਚ ਤਬਦੀਲ ਕਰਨ ਦੀ ਬੇਨਤੀ ਕਰਨਾਂ ਜਾਰੀ ਰੱਖ ਸਕਦੇ ਹਨ ਅਤੇ ਸਰਕਾਰ ਵਿਦਿਆਰਥੀਆਂ ਅਤੇ ਪਰਿਵਾਰਾਂ ਦੀ ਸਹਾਇਤਾ ਵਾਸਤੇ ਸਕੂਲ ਬੋਰਡਾਂ ਨਾਲ ਨੇੜਿਉਂ ਹੋ ਕੇ ਕੰਮ ਕਰਨਾਂ ਜਾਰੀ ਰੱਖ ਰਹੀ ਹੈ। ਸਕੂਲ ਦੇ ਕਿਸੇ ਭਾਗ, ਜਿਵੇਂ ਕਿ ਗਰੇਡ ਇਕ, ਨੂੰ ਤਬਦੀਲ ਕਰਨਾਂ ਸਕੂਲ ਬੋਰਡ ਦੇ ਅਖਤਿਆਰ 'ਚ ਹੋਣਾ ਜਾਰੀ ਰਹੇਗਾ। ਅੱਜ ਤੱਕ ਐਲਬਰਟਾ ਨੂੰ ਸਿਹਤ ਕਾਰਨਾਂ ਕਰਕੇ ਕਿਸੇ ਸਕੂਲ ਬੰਦੀ ਦੀ ਲੋੜ ਨਹੀਂ ਪਈ।

ਐਲਬਰਟਾ ਸਰਕਾਰ ਸਹੀ ਪ੍ਰਕਾਰ ਦੇ ਉਪਾਵਾਂ ਸਹਿਤ ਬੀਮਾਰੀ ਦੇ ਕਰਵ ਨੂੰ ਘੱਟ ਕਰਨ, ਛੋਟੇ ਕਾਰੋਬਾਰਾਂ ਨੂੰ ਬਣੇ ਰੱਖਣ ਅਤੇ ਐਲਬਰਟਾ ਦੇ ਸਿਹਤ-ਸੰਭਾਲ ਪ੍ਰਬੰਧ ਨੂੰ ਬਚਾਈ ਰੱਖਣ ਨਾਲ ਲੋਕਾਂ ਦੀਆਂ ਜ਼ਿੰਦਗੀਆਂ ਅਤੇ ਰੋਜ਼ੀ-ਰੋਟੀ ਦੀ ਸੁਰੱਖਿਆ ਕਰਦਿਆਂ ਕੋਵਿਡ-19 ਮਹਾਂਮਾਰੀ ਦਾ ਮੁਕਾਬਲਾ ਕਰ ਰਹੀ ਹੈ।

## ਫੌਰੀ ਤੱਥ

- ਸੋਮਵਾਰ 19 ਅਪਰੈਲ ਤੋਂ ਲਾਗੂ ਹੁੰਦਿਆਂ ਦੋ ਸਕੂਲ ਬੋਰਡਾਂ ਨੂੰ ਘਰ 'ਚ ਪੜ੍ਹਾਈ ਕਰਵਾਉਣ 'ਚ ਅਸਥਾਈ ਤੌਰ 'ਤੇ ਤਬਦੀਲ ਹੋਣ ਦੀ ਇਜਾਜ਼ਤ ਦਿੱਤੀ ਗਈ ਹੈ: ਕੈਲਗਰੀ ਬੋਰਡ ਆਫ ਐਜੂਕੇਸ਼ਨ ਅਤੇ ਕੈਲਗਰੀ ਕੈਥੋਲਿਕ ਸਕੂਲ ਡਿਸਟ੍ਰਿਕਟ (ਏਅਰਡਰੀ ਅਤੇ ਕੋਚਰੇਨ ਸਮੇਤ)।
- ਸਕੂਲ ਬੋਰਡ ਇਸ ਤਬਦੀਲੀ ਨਾਲ ਸਬੰਧਤ ਵਿਸਥਾਰਾਂ ਬਾਰੇ ਆਪਣੇ ਵਿਦਿਆਰਥੀਆਂ, ਅਧਿਆਪਕਾਂ ਅਤੇ ਸਟਾਫ ਨਾਲ ਸੰਪਰਕ ਵਿਚ ਰਹਿਣਗੇ।
- ਡਿਸਏਬਿਲਿਟੀਆਂ ਵਾਲੇ ਵਿਦਿਆਰਥੀ, ਜਿੰਨ੍ਹਾਂ ਨੂੰ ਵਿਸ਼ੇਸ਼ੀਕ੍ਰਿਤ ਸਹਾਇਤਾ ਦੀ ਲੋੜ ਹੈ, ਸਕੂਲ 'ਚ ਇੰਨ-ਪਰਸਨ ਪੜ੍ਹਾਈ ਕਰਨਾਂ ਅਤੇ ਸੇਵਾਵਾਂ ਪ੍ਰਾਪਤ ਕਰਨਾਂ ਜਾਰੀ ਰੱਖਣਗੇ, ਭਾਵੇਂ ਕਿ ਪੜ੍ਹਾਈ, ਘਰ 'ਚ ਪੜ੍ਹਾਈ ਕਰਵਾਉਣ 'ਚ ਵੀ ਤਬਦੀਲ ਹੋ ਜਾਂਦੀ ਹੈ।
- ਐਲਬਰਟਾ 'ਚ ਤਕਰੀਬਨ 81 ਪ੍ਰਤਿਸ਼ਤ ਸਕੂਲਾਂ 'ਚ ਚੌਕਸੀਆਂ ਜਾਂ ਪ੍ਰਕੋਪ ਮੌਜੂਦ ਨਹੀਂ ਹਨ।
- ਮੌਜੂਦਾ ਸਮੇਂ, ਨੌਂ ਸਕੂਲ ਆਪਰੇਸ਼ਨਲ ਕਾਰਨਾਂ ਕਰਕੇ ਅਸਥਾਈ ਤੌਰ 'ਤੇ ਘਰ 'ਚ/ਆਨਲਾਈਨ ਪੜ੍ਹਾਈ ਕਰਵਾ ਰਹੇ ਹਨ।
- ਸਕੂਲਾਂ ਦੇ ਸਬੰਧ 'ਚ ਐਕਟਿਵ ਕੇਸਾਂ ਦੀ ਗਿਣਤੀ ਵਿਦਿਆਰਥੀਆਂ ਅਤੇ ਸਟਾਫ ਦਾ ਤਕਰੀਬਨ 0.3 ਪ੍ਰਤਿਸ਼ਤ ਬਣਦੀ ਹੈ।

## ਸਬੰਧਤ ਜਾਣਕਾਰੀ

- K-12 learning during COVID-19
- COVID-19 guidance and health measures for K-12 schools

## ਮੀਡੀਆ ਇਨਕੁਆਰੀਆਂ

Nicole Sparrow

780-720-1915

ਪ੍ਰੈੱਸ ਸੈਕਰੇਟਰੀ, ਐਜੂਕੇਸ਼ਨ

*ਸਰਕਾਰ ਦੇ ਹੋਰ ਅਨੁਵਾਦਤ ਸਰੋਤਾਂ ਲਈ ਕਿਰਪਾ ਕਰਕੇ ਵੇਖੋ: https://www.alberta.ca/covid-19-translated-resources.aspx.*